ਰਾਗੁ ਬਿਲਾਵਲੁ ਮਹਲਾ ੫ ਅਸਟਪਦੀ ਘਰੁ ੧੨ ੴ ਸਤਿਗੁਰ ਪ੍ਰਸਾਦਿ ॥ ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ ॥ ਤਜਿ ਆਨ ਸਰਣਿ ਗਹੀ ॥੧॥ ਰਹਾਉ ॥ ਪ੍ਰਭ ਚਰਨ ਕਮਲ ਅਪਾਰ ॥ ਹਉ ਜਾਉ ਸਦ ਬਲਿਹਾਰ ॥ ਮਨਿ ਪ੍ਰੀਤਿ ਲਾਗੀ ਤਾਹਿ ॥ ਤਜਿ ਆਨ ਕਤਹਿ ਨ ਜਾਹਿ ॥੧॥ ਹਰਿ ਨਾਮ ਰਸਨਾ ਕਹਨ ॥ ਮਲ ਪਾਪ ਕਲਮਲ ਦਹਨ ॥ ਚੜਿ ਨਾਵ ਸੰਤ ਉਧਾਰਿ ॥ ਭੈ ਤਰੇ ਸਾਗਰ ਪਾਰਿ ॥੨॥ ਮਨਿ ਡੋਰਿ ਪ੍ਰੇਮ ਪਰੀਤਿ ॥ ਇਹ ਸੰਤ ਨਿਰਮਲ ਰੀਤਿ ॥ ਤਜਿ ਗਏ ਪਾਪ ਬਿਕਾਰ ॥ ਹਰਿ ਮਿਲੇ ਪ੍ਰਭ ਨਿਰੰਕਾਰ ॥੩॥ ਪ੍ਰਭ ਪੇਖੀਐ ਬਿਸਮਾਦ ॥ ਚਖਿ ਅਨਦ ਪੂਰਨ ਸਾਦ ॥ ਨਹ ਡੋਲੀਐ ਇਤ ਊਤ ॥ ਪ੍ਰਭ ਬਸੇ ਹਰਿ ਹਰਿ ਚੀਤ ॥੪॥ {ਪੰਨਾ 837}

ਪਦਅਰਥ:- ਉਪਮਾ—ਵਡਿਆਈ। ਜਾਤ ਨ ਕਹੀ—ਬਿਆਨ ਨਹੀਂ ਕੀਤੀ ਜਾ ਸਕਦੀ। ਤਜਿ—ਤਿਆਗ ਕੇ। ਆਨ—{ANX} ਹੋਰ (ਆਸਰੇ)। ਗਹੀ—(ਮੈਂ) ਫੜੀ ਹੈ।1। ਰਹਾਉ।

ਪ੍ਰਭ ਅਪਾਰ—ਬੇਅੰਤ ਪ੍ਰਭੂ ਦੇ। ਹਉ—ਹਉਂ, ਮੈਂ। ਜਾਉ—ਜਾਉਂ, ਮੈਂ ਜਾਂਦਾ ਹਾਂ। ਸਦ—ਸਦਾ। ਮਨਿ—(ਜਿਨ੍ਹਾਂ ਦੇ) ਮਨ ਵਿਚ। ਤਾਹਿ—ਉਸ (ਪ੍ਰਭੂ) ਦੀ। ਆਨ ਕਤਹਿ—ਕਿਸੇ ਭੀ ਹੋਰ ਥਾਂ। ਜਾਹਿ—ਜਾਹਿਂ, ਜਾਂਦੇ {ਬਹੁ-ਵਚਨ}।

ਰਸਨਾ—ਜੀਭ (ਨਾਲ)। ਕਹਨ—ਉਚਾਰਨਾ। ਕਲਮਲ—ਪਾਪ। ਦਹਨ—ਸੜਨਾ। ਨਾਵ—ਬੇੜੀ। ('ਹਰਿ ਨਾਮ ਕਹਨ' ਵਾਲੀ) ਬੇੜੀ। ਚੜਿ—ਚੜ੍ਹ ਕੇ। ਉਧਾਰਿ—(ਡੁੱਬਣ ਤੋਂ) ਬਚਾ ਲਏ ਗਏ। ਭੈ ਸਾਗਰ ਪਾਰਿ—ਭਿਆਨਕ (ਸੰਸਾਰ-) ਸਮੁੰਦਰ ਤੋਂ ਪਾਰ। ਤਰੇ—ਪਾਰ ਲੰਘ ਗਏ।2।

ਮਨਿ—ਮਨ ਵਿਚ। ਡੋਰਿ—ਡੋਰੀ, ਤਾਰ, ਲਗਨ। ਨਿਰਮਲ ਰੀਤਿ—ਪਵਿੱਤਰ ਕਰਨ ਵਾਲੀ ਮਰਯਾਦਾ। ਨਿਰੰਕਾਰ—ਆਕਾਰ-ਰਹਿਤ ਪ੍ਰਭੂ (ਨੂੰ)।3।

ਪੇਖੀਐ—ਵੇਖ ਸਕੀਦਾ ਹੈ, ਦਰਸਨ ਕਰ ਸਕੀਦਾ ਹੈ। ਪ੍ਰਭੂ ਬਿਸਮਾਦ—ਅਸਚਰਜ-ਰੂਪ ਪ੍ਰਭੂ (ਨੂੰ)। ਚਖਿ—ਚੱਖ ਕੇ। ਸਾਦੁ—ਸੁਆਦ। ਆਨਦ ਪੂਰਨ ਸਾਦ—ਪੂਰਨ ਆਨੰਦ-ਸਰੂਪ ਪ੍ਰਭੂ (ਦੇ ਨਾਮ-ਰਸ ਦਾ) ਸੁਆਦ। ਨਹ ਡੋਲਿਐ—ਨਹੀਂ ਡੋਲਦਾ। ਇਤ—ਇਸ ਲੋਕ ਵਿਚ। ਊਤ—ਪਰਲੋਕ ਵਿਚ। ਚੀਤ—ਚਿੱਤ ਵਿਚ।4।

ਅਰਥ:- ਹੇ ਭਾਈ! ਪਿਆਰੇ ਪ੍ਰਭੂ ਦੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ, (ਕਿਸੇ ਹਾਲਤ ਵਿਚ ਭੀ) ਬਿਆਨ ਨਹੀਂ ਕੀਤੀ ਜਾ ਸਕਦੀ। ਹੇ ਭਾਈ! (ਮੈਂ ਤਾਂ) ਹੋਰ ਆਸਰੇ ਤਿਆਗ ਕੇ ਪ੍ਰਭੂ ਦਾ ਆਸਰਾ ਲਿਆ ਹੈ।1। ਰਹਾਉ।

ਹੇ ਭਾਈ! ਮੈਂ (ਤਾਂ) ਸਦਾ ਬੇਅੰਤ ਪ੍ਰਭੂ ਦੇ ਸੋਹਣੇ ਚਰਨਾਂ ਤੋਂ ਸਦਕੇ ਜਾਂਦਾ ਹਾਂ। ਹੇ ਭਾਈ! (ਜਿਨ੍ਹਾਂ ਮਨੁੱਖਾਂ ਦੇ) ਮਨ ਵਿਚ ਉਸ (ਪ੍ਰਭੂ) ਵਾਸਤੇ ਪਿਆਰ ਬਣ ਜਾਂਦਾ ਹੈ, (ਉਹ ਮਨੁੱਖ ਪ੍ਰਭੂ ਦਾ ਦਰ) ਛੱਡ ਕੇ ਕਿਸੇ ਭੀ ਹੋਰ ਥਾਂ ਨਹੀਂ ਜਾਂਦੇ।1।

ਹੇ ਭਾਈ! ਜੀਭ ਨਾਲ ਪਰਮਾਤਮਾ ਦਾ ਨਾਮ ਉਚਾਰਨਾ ਅਨੇਕਾਂ ਪਾਪਾਂ ਵਿਕਾਰਾਂ ਦੀ ਮੈਲ ਸਾੜਨ (ਦਾ ਕਾਰਨ ਬਣਦਾ) ਹੈ। (ਅਨੇਕਾਂ ਮਨੁੱਖ 'ਹਰਿ ਨਾਮ ਕਹਨ' ਵਾਲੀ) ਸੰਤ ਜਨਾਂ ਦੀ (ਇਸ) ਬੇੜੀ ਵਿਚ ਚੜ੍ਹ ਕੇ (ਵਿਕਾਰਾਂ ਵਿਚ ਡੁੱਬਣ ਤੋਂ) ਬਚਾ ਲਏ ਜਾਂਦੇ ਹਨ (ਹਰਿ-ਨਾਮ ਸਿਮਰਨ ਦੀ ਬੇੜੀ ਵਿਚ ਚੜ੍ਹ ਕੇ) ਭਿਆਨਕ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ।2।

ਹੇ ਭਾਈ! (ਆਪਣੇ) ਮਨ ਵਿਚ (ਪ੍ਰਭੂ-ਚਰਨਾਂ ਵਾਸਤੇ) ਪਿਆਰ ਦੀ ਲਗਨ ਪੈਦਾ ਕਰਨੀ—ਸੰਤ ਜਨਾਂ ਦੀ ਦੱਸੀ ਹੋਈ ਇਹ (ਜੀਵਨ ਨੂੰ) ਪਵਿੱਤਰ ਕਰਨ ਵਾਲੀ ਮਰਯਾਦਾ ਹੈ। (ਜਿਹੜੇ ਮਨੁੱਖ ਇਹ ਲਗਨ ਪੈਦਾ ਕਰਦੇ ਹਨ,

ਉਹ) ਸਾਰੇ ਪਾਪਾਂ ਵਿਕਾਰਾਂ ਦਾ ਸਾਥ ਛੱਡ ਜਾਂਦੇ ਹਨ, ਉਹ ਮਨੁੱਖ ਹਰਿ-ਪ੍ਰਭੂ ਨਿਰੰਕਾਰ ਨੂੰ ਜਾ ਮਿਲਦੇ ਹਨ।3।

ਹੇ ਭਾਈ! ਪੂਰਨ ਆਨੰਦ-ਸਰੂਪ ਪ੍ਰਭੂ (ਦੇ ਨਾਮ-ਰਸ) ਦਾ ਸੁਆਸ ਚੱਖ ਕੇ ਅਸਚਰਜ-ਰੂਪ ਪ੍ਰਭੂ ਦਾ ਦਰਸਨ ਕਰ ਸਕੀਦਾ ਹੈ। ਹੇ ਭਾਈ! ਜੇ ਹਰਿ-ਪ੍ਰਭੂ ਜੀ ਹਿਰਦੇ ਵਿਚ ਵੱਸੋ ਰਹਿਣ, ਤਾਂ ਇਸ ਲੋਕ ਅਤੇ ਪਰਲੋਕ ਵਿਚ (ਵਿਕਾਰਾਂ ਦੇ ਹੱਲਿਆਂ ਦੇ ਸਾਹਮਣੇ) ਘਬਰਾਹਟ ਨਹੀਂ ਹੁੰਦੀ।4।

**ਤਿਨ੍ ਨਾਹਿ ਨਰਕ ਨਿਵਾਸੁ ॥ ਨਿਤ ਸਿਮਰਿ ਪ੍ਰਭ ਗੁਣਤਾਸੁ ॥ ਤੇ ਜਮੁ ਨ ਪੇਖਹਿ ਨੈਨ ॥ ਸੁਨਿ ਮੋਹੇ ਅਨਹਤ ਬੈਨ ॥੫॥ ਹਰਿ ਸਰਣਿ ਸੂਰ ਗੁਪਾਲ ॥ ਪ੍ਰਭ ਭਗਤ ਵਸਿ ਦਇਆਲ ॥ ਹਰਿ ਨਿਗਮ ਲਹਹਿ ਨ ਭੇਵ ॥ ਨਿਤ ਕਰਹਿ ਮੁਨਿ ਜਨ ਸੇਵ ॥ ੬॥ ਦੁਖ ਦੀਨ ਦਰਦ ਨਿਵਾਰ ॥ ਜਾ ਕੀ ਮਹਾ ਬਿਖੜੀ ਕਾਰ ॥ ਤਾ ਕੀ ਮਿਤਿ ਨ ਜਾਨੈ ਕੋਇ ॥ ਜਲਿ ਥਲਿ ਮਹੀਅਲਿ ਸੋਇ ॥੭॥ ਕਰਿ ਬੰਦਨਾ ਲਖ ਬਾਰ ॥ ਥਕਿ ਪਰਿਓ ਪ੍ਰਭ ਦਰਬਾਰ ॥ ਪ੍ਰਭ ਕਰਹੁ ਸਾਧੂ ਧੂਰਿ ॥ ਨਾਨਕ ਮਨਸਾ ਪੂਰਿ ॥੮॥੧॥**
{ਪੰਨਾ 837}

ਪਦਅਰਥ:- ਸਿਮਰਿ—ਸਿਮਰ ਕੇ। ਗੁਣ ਤਾਸੁ—ਸਾਰੇ ਗੁਣਾਂ ਦਾ ਖ਼ਜ਼ਾਨਾ। ਤੇ—ਉਹ ਬੰਦੇ {ਬਹੁ-ਵਚਨ}। ਨ ਪੇਖਹਿ—ਨ ਪੇਖਹਿਂ, ਨਹੀਂ ਵੇਖਦੇ। ਨੈਨ—ਅੱਖਾਂ ਨਾਲ। ਸੁਨਿ—ਸੁਣ ਕੇ। ਅਨਹਤ—ਇਕ-ਰਸ (ਵੱਜ ਰਹੀ)। ਬੈਨ—ਬੇਨ, ਬੰਸਰੀ।5।

ਸੂਰ—ਸੂਰਮਾ। ਭਗਤ ਵਸਿ—ਭਗਤਾਂ ਦੇ ਵੱਸ ਵਿਚ। ਹਰਿ ਭੇਵ—ਹਰੀ ਦਾ ਭੇਤ। ਨਿਗਮ—ਵੇਦ। ਕਰਹਿ—ਕਰਹਿ, ਕਰਦੇ ਹਨ। ਸੇਵ—ਸੇਵਾ-ਭਗਤੀ।6।

ਨਿਵਾਰ—ਦੂਰ ਕਰਨ ਵਾਲਾ। ਜਾ ਕੀ—ਜਿਸ (ਪਰਮਾਤਮਾ) ਦੀ। ਬਿਖੜੀ—ਔਖੀ। ਤਾ ਕੀ—ਉਸ (ਪਰਮਾਤਮਾ) ਦੀ। ਮਿਤਿ—ਮਾਪ, ਹੱਦ-ਬੰਨਾ। ਕੋਇ—ਕੋਈ ਭੀ ਜੀਵ। ਜਲਿ—ਜਲ ਵਿਚ। ਥਲਿ—ਧਰਤੀ ਵਿਚ। ਮਹੀਅਲਿ—ਮਹੀਤਲਿ, ਧਰਤੀ ਦੇ ਤਲ ਉੱਤੇ, ਪੁਲਾੜ ਵਿਚ, ਆਕਾਸ਼ ਵਿਚ।7।

ਕਰਿ—ਕਰੀਂ, ਮੈਂ ਕਰਦਾ ਹਾਂ। ਬੰਦਨਾ—ਨਮਸਕਾਰ। ਥਕਿ—ਥੱਕ ਕੇ, ਹਾਰ ਕੇ। ਪ੍ਰਭ—ਹੇ ਪ੍ਰਭੂ! ਸਾਧੂ ਧੂਰਿ—ਸੰਤ ਜਨਾਂ ਦੀ ਧੂੜ। ਮਨਸਾ—{mnl—w} ਮਨ ਦਾ ਫੁਰਨਾ। ਪੂਰਿ—ਪੂਰੀ ਕਰ।8।

ਅਰਥ:- ਹੇ ਭਾਈ! (ਜਿਹੜੇ ਮਨੁੱਖ) ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦਾ ਸਿਮਰਨ ਕਰ ਕੇ ਉਸ ਨੂੰ ਸਦਾ (ਹਿਰਦੇ ਵਿਚ ਵਸਾਈ ਰੱਖਦੇ ਹਨ) ਉਹਨਾਂ ਨੂੰ ਨਰਕਾਂ ਦਾ ਨਿਵਾਸ ਨਹੀਂ ਮਿਲਦਾ। ਜਿਹੜੇ ਮਨੁੱਖ ਇਕ-ਰਸ (ਵੱਜ ਰਹੀ ਸਿਫ਼ਤਿ-ਸਾਲਾਹ ਦੀ) ਬੰਸਰੀ ਸੁਣ ਕੇ (ਉਸ ਵਿਚ) ਮਸਤ ਰਹਿੰਦੇ ਹਨ, ਉਹ (ਆਪਣੀਆਂ) ਅੱਖਾਂ ਨਾਲ ਜਮਰਾਜ ਨੂੰ ਨਹੀਂ ਵੇਖਦੇ (ਜਮਾਂ ਨਾਲ ਉਹਨਾਂ ਨੂੰ ਵਾਹ ਨਹੀਂ ਪੈਂਦਾ)।5।

ਹੇ ਭਾਈ! ਦਇਆ ਦਾ ਸੋਮਾ ਪਰਮਾਤਮਾ (ਆਪਣੇ) ਭਗਤਾਂ ਦੇ ਵੱਸ ਵਿਚ ਰਹਿੰਦਾ ਹੈ, ਭਗਤ ਉਸ ਸੂਰਮੇ ਗੋਪਾਲ ਹਰੀ ਦੀ ਸਰਨ ਪਏ ਰਹਿੰਦੇ ਹਨ। ਹੇ ਭਾਈ! ਵੇਦ (ਭੀ) ਉਸ ਹਰੀ ਦਾ ਭੇਤ ਨਹੀਂ ਪਾ ਸਕਦੇ, ਸਾਰੇ ਰਿਸ਼ੀ ਮੁਨੀ ਉਸ ਦੀ ਸੇਵਾ-ਭਗਤੀ ਸਦਾ ਕਰਦੇ ਹਨ।6।

ਹੇ ਭਾਈ! ਜਿਸ (ਪਰਮਾਤਮਾ) ਦੀ (ਸੇਵਾ-ਭਗਤੀ ਦੀ) ਕਾਰ ਬਹੁਤ ਔਖੀ ਹੈ ਉਹ (ਪਰਮਾਤਮਾ) ਗਰੀਬਾਂ ਦੇ ਦੁੱਖ-ਦਰਦ ਦੂਰ ਕਰਨ ਵਾਲਾ ਹੈ। ਕੋਈ ਮਨੁੱਖ ਉਸ (ਦੀ ਹਸਤੀ) ਦਾ ਹੱਦ-ਬੰਨਾ ਨਹੀਂ ਜਾਣਦਾ। ਉਹ ਪ੍ਰਭੂ ਜਲ ਵਿਚ, ਧਰਤੀ ਵਿਚ, ਆਕਾਸ਼ ਵਿਚ ਆਪ ਹੀ ਮੌਜੂਦ ਹੈ।7।

ਹੇ ਨਾਨਕ! (ਆਖ—) ਹੇ ਪ੍ਰਭੂ! (ਹੋਰ ਸਭਨਾਂ ਆਸਰਿਆਂ ਵਲੋਂ) ਹਾਰ ਕੇ ਮੈਂ ਤੇਰੇ ਦਰ ਤੇ ਆਇਆ ਹਾਂ, (ਤੇਰੇ ਹੀ ਦਰ ਤੇ) ਮੈਂ ਅਨੇਕਾਂ ਵਾਰੀ ਸਿਰ ਨਿਵਾਂਦਾ ਹਾਂ। ਮੈਨੂੰ (ਆਪਣੇ) ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣਾਈ ਰੱਖ, ਮੇਰੀ

ਇਹ ਤਾਂਘ ਪੂਰੀ ਕਰ।4।1।